# ਪੰਜਾਬੀ

# TMA

**210**

**( Secondary)**

ਕੁਲ ਅੰਕ : 20

**MM. : 20**

**ਟਿੱਪਣੀ** : (i) ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣੇ ਜ਼ਰੂਰੀ ਹਨ। ਹਰੇਕ ਪ੍ਰਸ਼ਨ ਦੇ ਅੰਕ ਉਸਦੇ ਸਾਹਮਣੇ ਦਿੱਤੇ ਗਏ ਹਨ।

Note : All Qustions are compulsory. The marks allowed for each question are given at same place.

(ii) ਉੱਤਰ ਪੁਸਤਿਕਾ ਦੇ ਪਹਿਲੇ ਪੰਨੇ ਦੇ ਉਪਰ ਵੱਲ ਨੂੰ **ਆਪਣਾ ਨਾਂ**, **ਰੋਲ ਨੰਬਰ**, **ਅਧਿਐਨ ਕੇਂਦਰ ਦਾ ਨਾਂ**, **ਵਿਸ਼ਾ** ਆਦਿ ਸਪਸ਼ਟ ਸ਼ਬਦਾਂ ਵਿੱਚ ਲਿਖੋ।

Write your **Enrolmenr number. AI Name and Subject** etc. on the top of the first page of the Answer Sheet

ਪ੍ਰ.1. ਹੇਠ ਲਿਖੇ **ਕਿਸੇ ਇਕ** ਪ੍ਰਸ਼ਨ ਦਾ ਉੱਤਰ ਲਗਭਗ 40-60 ਸ਼ਬਦਾਂ ਵਿੱਚ ਦਿਉ — (2)

(ੳ) ਮਲੰਗ ਕਹਾਣੀ ਵਿੱਚ ਕੋਈ ਵੀ ਘਟਨਾ ਵਾਪਰਦੀ ਨਹੀਂ, ਪਰ ਵਾਪਰਣ ਦੀ ਪੂਰੀ ਸੰਭਾਵਨਾ ਬਣੀ ਰਹਿੰਦੀ ਹੈ। ਇਸ ਕਹਾਣੀ ਵਿੱਚ ਦੇਵਤਿਆਂ ਤੇ ਰਾਖ਼ਸ਼ਸਾਂ, ਸਵਰਗ ਅਤੇ ਨਰਕ ਆਦਿ ਦਾ ਵਰਣਨ ਕਰਦੇ ਹੋਏ ਇਹ ਵੀ ਲਿਖਿਆ ਗਿਆ ਹੈ ਕਿ ਇਸ ਸੰਸਾਰ ਵਿੱਚ ਲੋਕ ਆਪਣੇ ਕਰਮਾਂ ਨਾਲ ਹੀ ਆਪਣੇ ਮਨਾਂ ਅੰਦਰ ਸਵਰਗ ਅਤੇ ਨਰਕ ਦਾ ਮਾਹੌਲ ਪੈਦਾ ਕਰ ਲੈਂਦੇ ਹਨ। ਤੁਸੀਂ ਦੱਸੋ ਕਿ ਦੋਵਾਂ ਬੱਸਾਂ ਵਿਚਲੀ 'ਅੱਗੇ ਲੰਘਣ ਦੀ ਦੌੜ' ਤੋਂ ਕਹਾਣੀਕਾਰ ਨੇ ਕੀ ਸਮਝਿਆ ਹੈ? (ਪਾਠ 28 ਵੇਖੋ)

(ਅ) ਬੁੱਲ੍ਹੇਸ਼ਾਹ ਨੇ ਆਪਣੀ ਰਚਨਾ ਵਿੱਚ ਬਾਹਰੀ ਅਤੇ ਦਿਖਾਵਟੀ ਧਾਰਮਕ ਰਸਮਾਂ-ਰਿਵਾਜਾਂ ਅਤੇ ਕੱਟੜਤਾ ਦਾ ਤਿੱਖੀ ਸੁਰ ਵਿੱਚ ਵਿਰੋਧ ਕੀਤਾ ਹੈ। ਉਨ੍ਹਾਂ ਨੇ ਰੱਬੀ ਇਸ਼ਕ ਉੱਤੇ ਜ਼ੋਰ ਦਿੱਤਾ ਹੈ। ਬੁੱਲ੍ਹੇਸ਼ਾਹ ਜੀ ਦੀ ਰਚਨਾ 'ਮਾਟੀ ਕੁਦਮ ਕਰੇਂਦੀ ਯਾਰ' ਵਿੱਚ 'ਮਾਟੀ' ਸ਼ਬਦ ਦੇ ਕੀ ਅਰਥ ਹਨ? (ਪਾਠ 10 ਵੇਖੋ)

ਪ੍ਰ.2. ਹੇਠ ਲਿਖੇ **ਕਿਸੇ ਇਕ** ਪ੍ਰਸ਼ਨ ਦਾ ਉੱਤਰ ਲਗਭਗ 40-60 ਸ਼ਬਦਾਂ ਵਿੱਚ ਦਿਉ — (2)

(ੳ) ਸ਼ਾਹ ਮੁਹੰਮਦ ਨੇ 'ਜੰਗ ਸਿੰਘਾਂ ਫਿਰੰਗੀਆਂ' ਵਿੱਚ ਸਿੱਖਾਂ ਤੇ ਅੰਗਰੇਜ਼ਾਂ ਵਿਚਕਾਰ ਵੱਖ-ਵੱਖ ਸਥਾਨਾਂ ਤੇ ਹੋਏ ਜੰਗ ਦਾ ਸਜੀਵ ਤੇ ਰਚਨਾਤਮਕ ਵਰਣਨ ਕੀਤਾ ਹੈ। ਉਸਨੇ ਹਿੰਦੂ ਅਤੇ ਮੁਸਲਮਾਨਾਂ ਦੀ ਸਾਂਝ, ਪੰਜਾਬੀਆਂ ਦੀ ਬਹਾਦਰੀ ਤੇ ਮਹਾਰਾਜਾ ਰਣਜੀਤ ਸਿੰਘ ਦੀ ਤਾਰੀਫ਼ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਕੀਤੀ ਹੈ। ਤੁਸੀਂ ਦੱਸੋ ਕਿ ਸ਼ਾਹ ਮੁਹੰਮਦ ਨੇ ਇਸ ਰਚਨਾ ਵਿੱਚ ਪੰਜਾਬ ਦੀ ਫੌਜ ਦੀ ਹਾਰ ਦਾ ਮੁੱਖ ਕਾਰਨ ਕੀ ਮੰਨਿਆ ਹੈ? (ਪਾਠ 13 ਵੇਖੋ)

(ਅ) ਵਾਰਿਸ ਦੁਆਰਾ ਰਚੇ ਹੀਰ ਦੇ ਕਿੱਸੇ ਨੂੰ ਸਭ ਤੋਂ ਵੱਧ ਪ੍ਰਸਿੱਧੀ ਮਿਲੀ ਹੈ। ਹੀਰ ਦਾ ਕਿੱਸਾ ਇੱਕ ਲੋਕ ਕਥਾ ਤੇ ਆਧਾਰਤ ਹੈ। ਤੁਹਾਡੀ ਪਾਠ ਪੁਸਤਕ ਵਿੱਚ ਦਰਜ ਹੀਰ ਵਾਰਸ ਸ਼ਾਹ ਵਿੱਚ 'ਕਾਂ' ਅਤੇ 'ਬਾਜ' ਪ੍ਰਤੀਕ ਕਿਸ ਲਈ ਵਰਤੇ ਗਏ ਹਨ? (ਪਾਠ 12 ਵੇਖੋ)

ਪ੍ਰ.3. ਹੇਠ ਲਿਖੇ **ਕਿਸੇ ਇਕ** ਪ੍ਰਸ਼ਨ ਦਾ ਉੱਤਰ ਲਗਭਗ 40-60 ਸ਼ਬਦਾਂ ਵਿੱਚ ਦਿਉ — (2)

(ੳ) ਮੁਹਾਵਰੇ ਭਾਸ਼ਾ ਦੀ ਸ਼ਾਨ ਹੁੰਦੇ ਅਤੇ ਵਿਰਾਸਤ ਹੁੰਦੇ ਹਨ। ਮੁਹਾਵਰਿਆਂ ਦੀ ਗਿਣਤੀ ਕਰਨਾ ਮੁਸ਼ਕਿਲ ਹੈ। ਇਹ ਸਾਡੇ ਆਲੇ-ਦੁਆਲੇ ਦੇ ਜੀਵਨ ਵਿਚੋਂ ਹੀ ਪੈਦਾ ਹੋਏ ਹਨ। ਮੁਹਾਵਰੇ ਨੂੰ ਵਾਕ ਵਿੱਚ ਵਰਤਣ ਸਮੇਂ,

ਕੀ ਉਸਦੇ ਅਰਥ ਦੀ ਵਰਤੋਂ ਹੁੰਦੀ ਹੈ ਜਾਂ ਸਿਰਫ਼ ਮੁਹਾਵਰੇ ਦੀ? ਆਪਣੇ ਉੱਤਰ ਦੀ ਪੁਸ਼ਟੀ ਇੱਕ ਮੁਹਾਵਰੇ ਨੂੰ ਵਾਕ ਵਿੱਚ ਵਰਤ ਕੇ ਕਰੋ।

(ਪਾਠ 7 ਵੇਖੋ)

(ਅ) ਗੁਰੂ ਨਾਨਕ ਦੇਵ ਜੀ ਦੀ ਬਾਣੀ ਜਾਤ, ਵਰਗ, ਸੰਪਰਦਾਇ, ਧਰਮ ਅਤੇ ਊਚ-ਨੀਚ ਦੇ ਵਿਤਕਰਿਆਂ ਤੋਂ ਮੁਕਤ ਹੈ। ਆਪ ਜੀ ਦੀ ਬਾਣੀ ਮਨੁੱਖ ਨੂੰ ਵਿਸ਼ੇ-ਵਿਕਾਰਾਂ ਤੋਂ ਉਪਰ ਉੱਠ ਕੇ ਆਦਰਸ਼ਕ ਮਨੁੱਖ ਬਣਨ ਦੀ ਪ੍ਰੇਰਨਾ ਦਿੰਦੀ ਹੈ। ਆਪਣੀ ਪਾਠ-ਪੁਸਤਕ ਵਿੱਚ ਦਰਜ ਉਨ੍ਹਾਂ ਦੀ ਬਾਣੀ ਵਿੱਚ ਆਈ ਤੁਕ, ਮਿਠਤੁ ਨੀਵੀਂ ਨਾਨਕਾ ਗੁਣ ਚੰਗਿਆਈਆਂ ਤਤੁ' ਦਾ ਭਾਵ ਸਪਸ਼ਟ ਕਰੋ।

(ਪਾਠ 11 ਵੇਖੋ)

ਪ੍ਰ.4. ਹੇਠ ਲਿਖੇ **ਕਿਸੇ ਇਕ** ਪ੍ਰਸ਼ਨ ਦਾ ਉੱਤਰ ਲਗਭਗ 100-150 ਸ਼ਬਦਾਂ ਵਿੱਚ ਦਿਉ — (4

(ੳ) 'ਇਨਸਾਨਤਾਨ' ਕਵਿਤਾ ਵਿੱਚ ਧਨੀਰਾਮ ਚਾਤ੍ਰਿਕ ਨੇ ਇੱਕ ਨਵੇਂ ਨਰੋਏ ਤੇ ਉੱਚੇ ਆਦਰਸ਼ਾਂ ਵਾਲੇ ਸੰਸਾਰ ਦੀ ਕਲਪਨਾ ਕੀਤੀ ਹੈ। ਨਵੇਂ ਸੰਸਾਰ ਵਿੱਚ ਨਫ਼ਰਤ, ਤੰਗਦਿਲੀ ਤੇ ਧਾਰਮਕ ਕੱਟੜਤਾ ਲਈ ਕੋਈ ਥਾਂ ਨਾ ਹੋਵੇ। ਇਸ ਕਵਿਤਾ ਵਿੱਚ ਕਵੀ ਸੰਸਾਰ ਵਿਚੋਂ ਕਿਹੜੀਆਂ ਬੁਰਾਈਆਂ ਦੇ ਖਤਮ ਹੋਣ ਦੀ ਕਾਮਨਾ ਕਰਦਾ ਹੈ?

(ਪਾਠ 15 ਵੇਖੋ)

(ਅ) ਘਰ ਇੱਟਾਂ ਜਾਂ ਵੱਟਿਆਂ ਦੇ ਬਣੇ ਹੋਏ ਕੋਠੇ ਨੂੰ ਨਹੀਂ ਕਹਿੰਦੇ। ਘਰ ਤੋਂ ਭਾਵ ਉਹ ਥਾਂ ਹੈ, ਜਿੱਥੇ ਮਨੁੱਖ ਦਾ ਪਿਆਰ ਤੇ ਸੱਧਰਾਂ ਪਲਦੀਆਂ ਹਨ। ਘਰ ਮਨੁੱਖ ਦੇ ਨਿੱਜੀ ਵਲਵਲਿਆਂ ਤੇ ਸ਼ਖਸ਼ੀ ਰਹਿਣੀ-ਬਹਿਣੀ ਦਾ ਕੇਂਦਰ ਮੰਨਿਆ ਗਿਆ ਹੈ। ਘਰ ਦੀ ਪਹਿਚਾਣ ਕਿੰਨਾ ਦੇ ਯੋਗਦਾਨ ਨਾਲ ਬਣਦੀ ਹੈ? ਪਾਠ ਦੇ ਆਧਾਰ ਤੇ ਸਮਝਾਓ।

(ਪਾਠ 20 ਵੇਖੋ)

ਪ੍ਰ.5. ਹੇਠ ਲਿਖੇ **ਕਿਸੇ ਇਕ** ਪ੍ਰਸ਼ਨ ਦਾ ਉੱਤਰ ਲਗਭਗ 100-150 ਸ਼ਬਦਾਂ ਵਿੱਚ ਦਿਉ — (4)

(ੳ) ਮਨੁੱਖ ਦੀ ਅਸਲੀ ਸੁੰਦਰਤਾ ਵਾਤਾਵਰਣ ਦੇ ਵਿੱਚ ਹੀ ਨਿਖਰਦੀ ਹੈ। ਵਾਤਾਵਰਣ ਦੇ ਸਾਹਮਣੇ ਸ਼ੌਹਰਤ ਅਤੇ ਧਨ-ਦੌਲਤ ਦੀ ਕੋਈ ਅਹਿਮੀਅਤ ਨਹੀਂ ਹੁੰਦੀ। ਤੁਸੀਂ ਪਾਠ ਵਾਤਾਵਰਣ ਵਿੱਚ ਸੁੰਦਰਤਾ ਦੇ ਆਧਾਰ ਤੇ ਦੱਸੋ ਕਿ ਸੁੰਦਰਤਾ ਕਿੱਥੇ ਛਿਪੀ ਹੋਈ ਹੈ ਅਤੇ ਵਾਤਾਵਰਣ ਆਤਮਾ ਦਾ ਗੋਲਾ ਕਿਵੇਂ ਹੈ?

(ਪਾਠ 21 ਵੇਖੋ)

(ਅ) ਕੰਪਿਊਟਰ ਨੇ ਸਾਡੀ ਜ਼ਿੰਦਗੀ ਵਿੱਚ ਕ੍ਰਾਂਤੀਕਾਰੀ ਬਦਲਾਉ ਲਿਆ ਦਿੱਤਾ ਹੈ। ਕੰਪਿਊਟਰ ਹੁਣ ਸਾਡੇ ਜੀਵਨ ਦਾ ਇੱਕ ਜ਼ਰੂਰੀ ਅੰਗ ਬਣ ਗਿਆ ਹੈ। ਸਿਆਣੇ ਲੋਕਾਂ ਨੇ ਤਾਂ 21ਵੀਂ ਸਦੀ ਨੂੰ ਕੰਪਿਊਟਰ ਯੁੱਗ ਦਾ ਨਾਂ ਦੇ ਦਿੱਤ ਾਹੈ। ਕੀ ਮੋਬਾਇਲ ਫੋਨ ਕੰਪਿਊਟਰ ਦੀ ਕਮੀ ਨੂੰ ਪੂਰਾ ਕਰ ਸਕਦਾ ਹੈ? ਇਸ ਬਾਰੇ ਜਾਣਕਾਰੀ ਦਿਓ।

(ਪਾਠ 25 ਵੇਖੋ)

ਪ੍ਰ.6. ਹੇਠ ਲਿਖੇ **ਕਿਸੇ ਇਕ** ਵਿਸ਼ੇ ਤੇ **ਰਚਨਾਤਮਕ ਕਾਰਜ** ਕਰੋ — (6)

(ੳ) ਭਾਸ਼ਾ ਦੇ ਵਿੱਚ ਅਖਾਣਾਂ ਦਾ ਬਹੁਤ ਮਹੱਤਵ ਹੁੰਦਾ ਹੈ। ੳ, ਅ, ੲ ਅਤੇ ਸ ਅੱਖਰ ਨਾਲ ਸ਼ੁਰੂ ਹੋਣ ਵਾਲੇ ਦੋ-ਦੋ ਅਖਾਣ ਲਿਖੋ ਤੇ ਦੱਸੋ ਕਿ ਉਹ ਕਿਹੜੇ ਮੌਕਿਆਂ ਤੇ ਵਰਤੇ ਜਾਂਦੇ ਹਨ? ਇਸ ਸੰਬੰਧੀ ਪ੍ਰੋਜੈਕਟ ਤਿਆਰ ਕਰੋ।

(ਪਾਠ 1 ਵੇਖੋ)

(ਅ) ਕੰਪਿਊਟਰ ਦੇ ਵੱਖ-ਵੱਖ ਹਿੱਸਿਆਂ ਦੇ ਨਾਂ ਅਤੇ ਉਹਨਾਂ ਦੇ ਕਾਰਜਾਂ ਬਾਰੇ ਜਾਣਕਾਰੀ ਦਿੰਦੇ ਹੋਏ ਪ੍ਰੋਜੈਕਟ ਤਿਆਰ ਕਰੋ।

(ਪਾਠ 25 ਵੇਖੋ)